ਡਾਇਰੈਕਟੋਰੇਟ
ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,
ਐਸ.ਸੀ.ਓ.ਨੰ: 7, ਫੇਸ-1, ਐਸ. ਏ. ਐਸ. ਨਗਰ, ਮੋਹਾਲੀ

ਸੇਵਾ ਵਿਖੇ

1. ਡਾਇਰੈਕਟਰ
ਡੀ.ਪੀ.ਆਈ. ਕਾਲਜਾਂ
ਪੰਜਾਬ, ਐਸ.ਏ.ਐਸ.ਨਗਰ

2. ਡਾਇਰੈਕਟਰ,
ਮੈਡੀਕਲ ਅਤੇ ਖੋਜ ਸਿੱਖਿਆ,
ਪੰਜਾਬ, ਐਸ.ਏ.ਐਸ.ਨਗਰ।

3. ਡਾਇਰੈਕਟਰ,
ਤਕਨੀਕੀ ਸਿੱਖਿਆ (ਇੰਜ. ਵਿੰਗ),
ਪੰਜਾਬ, ਚੰਡੀਗੜ੍ਹ।

4. ਡਾਇਰੈਕਟਰ
ਪਸ਼ੂ ਪਾਲਣ ਵਿਭਾਗ,
ਪੰਜਾਬ, ਚੰਡੀਗੜ੍ਹ।

5. ਡਾਇਰੈਕਟਰ,
ਤਕਨੀਕੀ ਸਿੱਖਿਆ (ਆਈ.ਟੀ.ਆਈ.ਵਿੰਗ),
ਪੰਜਾਬ, ਚੰਡੀਗੜ੍ਹ।

6. ਡਾਇਰੈਕਟਰ,
ਡੀ.ਪੀ.ਆਈ. ਸਕੂਲ
ਪੰਜਾਬ, ਐਸ.ਏ.ਐਸ.ਨਗਰ.

7. ਡਾਇਰੈਕਟਰ
ਐਸ.ਸੀ.ਈ.ਆਰ.ਟੀ.
ਪੰਜਾਬ ਐਸ.ਏ.ਐਸ ਨਗਰ

8. ਵਿਸ਼ੇਸ਼ ਕਾਰਜ ਅਫਸਰ,
ਵਜ਼ੀਫਾ ਸ਼ਾਖਾ,
ਪੰਜਾਬ।

9. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), (ਐ.ਸਿ)
ਪੰਜਾਬ।

ਮੀਮੋ ਨੰਬਰ ਸ-20/ਮਨਿਓਰਟੀ/ 12957-13003
ਮਿਤੀ, ਐਸ.ਏ.ਐਸ.ਨਗਰ 12/8/22

ਵਿਸ਼ਾ: ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਵੱਲੋਂ ਪ੍ਰੀ ਮੈਟ੍ਰਿਕ, ਪੋਸਟ ਮੈਟ੍ਰਿਕ ਅਤੇ ਮੈਰਿਟ ਕਮ ਮੀਨਜ ਸਕਾਲਰਸ਼ਿਪ ਅਧੀਨ ਆਨਲਾਈਨ ਦਰਖਾਸਤਾ ਦਰਜ ਕਰਨ ਲਈ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾਰੀ ਕੀਤੀ ਸਮਾ ਸਾਰਣੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ ਵੱਲੋਂ ਵਿੱਦਿਅਕ ਸੈਸ਼ਨ 2022-23 ਦੌਰਾਨ ਘੱਟ ਗਿਣਤੀ ਵਰਗ (six notified minority Communities, viz. Muslim,Christian, Sikh, Buddhist, Jain, Parsi (Zoroastrian) ਦੇ ਵਿਦਿਆਰਥੀਆਂ ਨੂੰ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਆਨ ਲਾਇਨ ਅਪਲਾਈ ਕਰਨ ਲਈ ਹੇਠ ਲਿਖਿਆ ਮਿਤੀਆਂ ਅਨੁਸਾਰ ਸ਼ਡਿਊਲ ਜਾਰੀ ਕੀਤਾ ਗਿਆ ਹੈ :-

For Pre Matric

| Timeline Activity | Date |
|---|---|
| Opening of NSP Portal | 20-07-2022 |
| Last date of applying for Application | 30-09-2022 |
| Last date for First level verification (L1) (For Institution) | 16-10-2022 |

Scanned by CamScanner

For Post Matric /Top-class/ Merit Cum Mean Based scholarship Application

| Timeline Activity | Date |
|---|---|
| Opening of NSP Portal | 20-07-2022 |
| Last date of applying for Application | 31-10-2022 |
| Last date for First level verification (L1) (For Institution) | 15-11-2022 |

ਇਸ ਸਬੰਧੀ ਮਿਤੀ 08-08-2022 ਨੂੰ ਪੰਜਾਬੀ, ਅੰਗਰੇਜੀ ਤੇ ਹਿੰਦੀ ਦੇ ਉੱਘੇ ਅਖਬਾਰਾਂ ਵਿੱਚ ਇਸ਼ਤਿਹਾਰ ਵੀ ਜਾਰੀ ਕੀਤਾ ਗਿਆ ਹੈ।

ਇਸ ਲਈ ਆਪਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ ਵੱਲੋਂ ਜਾਰੀ ਸਮਾਂ ਸਾਰਣੀ ਅਨੁਸਾਰ ਸਕੀਮ ਦੇ ਨਿਯਮਾਂ ਦੀ ਇੰਨ-ਬਿੰਨ ਪਾਲਣਾ ਕਰਵਾਉਂਦੇ ਹੋਏ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਦੀਆਂ ਦਰਖਾਸਤਾਂ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਦਰਜ ਕਰਵਾਈ ਜਾਣ। (ਇਸਤਿਹਾਰ ਦੀ ਕਾਪੀ ਨੱਥੀ)

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

ਪਿੱਠ ਅੰਕਣ ਨੰਬਰ: 13004-13027

ਮਿਤੀ. ਐਸ.ਏ.ਐਸ.ਨਗਰ 12/8/22

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾਂ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਅਫਸਰਾਂ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਦੇ ਅਧੀਨ ਆਉਂਦੀਆਂ ਸਮੂਹ ਵਿਦਿਅਕ ਸੰਸਥਾਵਾਂ ਤੱਕ ਨਿੱਜੀ ਪੱਧਰ ਤੇ ਪਹੁੰਚ ਕਰਕੇ ਸਕੀਮ ਅਧੀਨ ਕਵਰ ਹੁੰਦੇ ਘੱਟ ਗਿਣਤੀ ਵਰਗ ਦੇ ਯੋਗ ਵਿਦਿਆਰਥੀਆਂ ਦੀਆਂ ਦਰਖਾਸਤਾਂ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in ਤੇ ਦਰਜ ਕਰਵਾ ਕੇ ਤੈਅ ਮਿਤੀਆ ਦੇ ਅੰਦਰ-ਅੰਦਰ ਸਮੂਹ ਵਿਦਿਅਕ ਸੰਸਥਾਵਾਂ ਤੋਂ ਦਰਖਾਸਤਾਂ ਆਨ ਲਾਇਨ ਫਾਰਵਰਡ ਕਰਵਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣ। (ਇਸਤਿਹਾਰ ਦੀ ਕਾਪੀ ਨੱਥੀ)

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਸ/-5/1(1)/2022/931 ਮਿਤੀ: 16-08-2022

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਹਿਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। NSP ਤੇ ਮਿੱਥੇ ਸਮੇਂ ਦੇ ਅੰਦਰ-ਅੰਦਰ ਅਪਲਾਈ ਕਰਵਾਇਆ ਜਾਵੇ ਤਾਂ ਕਿ ਕੋਈ ਯੋਗ ਵਿਦਿਆਰਥੀ ਵਜੀਫੇ ਦੇ ਲਾਭ ਤੋਂ ਵਾਂਝਾ ਨਾ ਰਹਿ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਬਠਿੰਡਾ
16/8/22

Scanned by CamScanner

Scanned by CamScanner

# ਪੰਜਾਬ ਸਰਕਾਰ

## ਡਾਇਰੈਕਟੋਰੇਟ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਰਗ

## ਐੱਸ.ਸੀ.ਐੱਫ-7 ਫੇਜ਼-1, ਐੱਸ.ਏ.ਐੱਸ. ਨਗਰ (ਮੋਹਾਲੀ)

### ਸਕਾਲਰਸ਼ਿਪ ਦਾ ਐਲਾਨ : 2022-23

**(ਘੱਟ ਗਿਣਤੀ ਵਰਗ ਲਈ ਪ੍ਰੀ ਮੈਟ੍ਰਿਕ, ਪੋਸਟ ਮੈਟ੍ਰਿਕ ਅਤੇ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ)**



ਭਗਵੰਤ ਮਾਨ ਮੁੱਖ ਮੰਤਰੀ ਪੰਜਾਬ

ਘੱਟ ਗਿਣਤੀ ਮੰਤਰਾਲੇ, ਭਾਰਤ ਸਰਕਾਰ ਵਲੋਂ ਛੇ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਬੋਧੀ, ਪਾਰਸੀ, ਜੈਨ ਅਤੇ ਇਸਾਈ) ਦੇ ਵਿਦਿਆਰਥੀਆਂ ਨੂੰ ਪ੍ਰੀ-ਮੈਟ੍ਰਿਕ, ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਦਾ ਲਾਭ 2022-23 ਦੌਰਾਨ ਪ੍ਰਾਪਤ ਕਰਨ ਲਈ ਇਕ ਮੌਕਾ ਦਿੱਤਾ ਗਿਆ ਹੈ। ਇਸ ਲਈ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ 100% ਕੇਂਦਰੀ ਪ੍ਰਾਯੋਜਿਤ ਇਨ੍ਹਾਂ ਸਕੀਮਾਂ ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in 'ਤੇ ਆਨਲਾਈਨ ਦਰਖਾਸਤਾਂ ਦੀ ਮੰਗ ਕਰਦਾ ਹੈ।

**ਸਮਾਂ ਸਾਰਣੀ :**

| | | |
|---|---|---|
| ਵਿਦਿਆਰਥੀਆਂ ਵਲੋਂ ਨਵੀਂ ਸਕਾਲਰਸ਼ਿਪ (ਪਹਿਲੀ ਵਾਰ ਬਿਨੈਕਾਰ) ਅਤੇ ਨਵੀਨੀਕਰਨ ਸਕਾਲਰਸ਼ਿਪ (ਉਹ ਬਿਨੈਕਾਰ ਜਿਨ੍ਹਾਂ ਨੇ 2021-22 ਦੌਰਾਨ ਸਕਾਲਰਸ਼ਿਪ ਪ੍ਰਾਪਤ ਕੀਤੀ ਹੈ) ਲਈ ਆਨਲਾਈਨ ਅਰਜ਼ੀ ਜਮਾ ਕਰਨ ਦੀ ਆਖਰੀ ਮਿਤੀ। | 1. ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ। | 30 ਸਤੰਬਰ, 2022 |
| | 2. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ।<br>3. ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ | 31 ਅਕਤੂਬਰ 2022 |

**ਯੋਗਤਾ :**

- ਬਿਨੈਕਾਰ ਸੂਚਿਤ ਘੱਟ ਗਿਣਤੀ ਭਾਈਚਾਰੇ (ਸਿੱਖ, ਮੁਸਲਿਮ, ਬੋਧੀ, ਪਾਰਸੀ, ਜੈਨ ਅਤੇ ਇਸਾਈ) ਨਾਲ ਸਬੰਧਤ ਹੋਵੇ।
- ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਲਈ ਆਮਦਨ ਹੱਦ 1.00 ਲੱਖ ਰੁਪਏ, ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਆਮਦਨ ਹੱਦ 2.00 ਲੱਖ ਰੁਪਏ ਅਤੇ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਲਈ ਆਮਦਨ ਹੱਦ 2.50 ਲੱਖ ਰੁਪਏ ਹੈ।
- ਬਿਨੈਕਾਰ ਸਰਕਾਰੀ ਜਾਂ ਮਾਨਤਾ ਪ੍ਰਾਪਤ ਪ੍ਰਾਈਵੇਟ ਯੂਨੀਵਰਸਿਟੀ/ਸੰਸਥਾ/ਕਾਲਜ/ਸਕੂਲ ਵਿਚ ਪੜ੍ਹਾਈ ਕਰਦਾ ਹੋਵੇ।
- ਅਪਣਾਇਆ ਹੋਇਆ ਕੋਰਸ ਘੱਟੋ ਘੱਟ ਇਕ ਸਾਲ ਦੀ ਮਿਆਦ ਦਾ ਲਾਜ਼ਮੀ ਹੋਵੇ।
- ਬਿਨੈਕਾਰ ਨੂੰ ਪਿਛਲੇ ਸਾਲਾਨਾ ਬੋਰਡ/ਕਲਾਸ ਦੀ ਪ੍ਰੀਖਿਆ ਵਿਚ 50% ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ।

**ਹਦਾਇਤਾਂ :**

**ਬਿਨੈਕਾਰ ਲਈ**

- ਦਰਖਾਸਕਰਤਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨੈਸ਼ਨਲ ਸਕਾਲਰਸ਼ਿਪ ਪੋਰਟਲ ਦੀ ਵੈੱਬਸਾਈਟ www.scholarships.gov.in (ਇਸ ਸਾਈਟ ਦਾ ਲਿੰਕ www.minorityaffairs.gov.in 'ਤੇ ਵੀ ਉਪਲਬੱਧ ਹੈ) ਜਾਂ ਮੋਬਾਇਲ ਐਪ-ਨੈਸ਼ਨਲ ਸਕਾਲਰਸ਼ਿਪ (ਐੱਨ.ਐੱਸ.ਪੀ) ਤੇ ਸਕਾਲਰਸ਼ਿਪ ਸਕੀਮਾਂ ਵਿਚੋਂ ਕਿਸੇ ਇਕ ਲਈ ਆਨਲਾਈਨ ਅਪਲਾਈ ਕਰਨ।
- ਆਨਲਾਈਨ ਅਰਜ਼ੀ ਭਰਨ ਲਈ ਵਿਸਤ੍ਰਿਤ ਹਦਾਇਤਾਂ ਅਤੇ ਅਕਸਰ ਪੁੱਛੇ ਜਾਂਦੇ ਪ੍ਰਸ਼ਨ (ਆਮ ਪੁੱਛੇ ਜਾਂਦੇ ਪ੍ਰਸ਼ਨ) ਨੈਸ਼ਨਲ ਸਕਾਲਰਸ਼ਿਪ ਪੋਰਟਲ ਦੇ ਹੋਮਪੇਜ 'ਤੇ ਉਪਲਬਧ ਹਨ।
- ਬਿਨੈਕਾਰ ਨੂੰ ਸਿਰਫ ਉਸ ਬੈਂਕ ਖਾਤੇ ਦੇ ਵੇਰਵੇ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ ਜੋ ਕਿ ਆਧਾਰ ਨਾਲ ਲਿੰਕ, ਐਕਟਿਵ ਮੋਡ ਵਿਚ ਹੋਣ ਅਤੇ ਬੈਂਕ ਦੀਆਂ ਹਦਾਇਤਾਂ ਮੁਤਾਬਿਕ ਅਨੁਕੂਲ ਹੋਣ ਤਾਂ ਜੋ ਸਕਾਲਰਸ਼ਿਪ ਦੇ ਭੁਗਤਾਨ ਵਿਚ ਕੋਈ ਅਸਫਲਤਾ ਨਾ ਹੋਵੇ।
- ਆਮਦਨ ਸਰਟੀਫਿਕੇਟ ਕੰਪੀਟੈਂਟ ਅਥਾਰਟੀ (ਘੱਟੋ ਘੱਟ ਤਹਿਸੀਲਦਾਰ/ਨਾਇਬ ਤਹਿਸੀਲਦਾਰ) ਵਲੋਂ ਜਾਰੀ ਹੋਇਆ ਹੋਵੇ।
- ਸਕਾਲਰਸ਼ਿਪ ਅਪਲਾਈ ਕਰਦੇ ਸਮੇਂ ਵਿਦਿਆਰਥੀ ਵਲੋਂ ਕੇਵਲ ਆਪਣਾ ਮੋਬਾਇਲ ਨੰਬਰ ਹੀ ਭਰਿਆ ਜਾਵੇ, ਕਿਉਂਕਿ ਸਕਾਲਰਸ਼ਿਪ ਨਾਲ ਸਬੰਧਤ ਸਾਰੀਆਂ ਅੱਪਡੇਟ ਰਜਿਸਟਰਡ ਮੋਬਾਇਲ 'ਤੇ ਹੀ ਆਉਂਦੀਆਂ ਹਨ। ਇਸ ਲਈ ਉਸ ਮੋਬਾਇਲ ਨੰਬਰ ਨੂੰ ਤਬਦੀਲ ਨਾ ਕੀਤਾ ਜਾਵੇ।

**ਯੂਨੀਵਰਸਿਟੀ/ਸੰਸਥਾਵਾਂ/ਕਾਲਜਾਂ/ਸਕੂਲਾਂ ਲਈ**

- ਸਾਰੀਆਂ ਯੂਨੀਵਰਸਿਟੀਆਂ/ਸੰਸਥਾਵਾਂ/ਕਾਲਜਾਂ/ਸਕੂਲਾਂ ਜਿੱਥੇ ਘੱਟ ਗਿਣਤੀ ਵਰਗ ਦੇ ਵਿਦਿਆਰਥੀ ਪੜ੍ਹ ਰਹੇ ਹਨ ਉਨ੍ਹਾਂ ਸੰਸਥਾਵਾਂ ਨੂੰ ਨੈਸ਼ਨਲ ਸਕਾਲਰਸ਼ਿਪ ਪੋਰਟਲ 'ਤੇ ਰਜਿਸਟਰ ਕਰਵਾਇਆ ਜਾਵੇ (ਜੇਕਰ ਪਹਿਲਾਂ NSP 'ਤੇ ਰਜਿਸਟਰ ਨਹੀਂ ਹਨ)।
- ਸੰਸਥਾ ਵਲੋਂ ਸਕੀਮ ਅਧੀਨ ਪ੍ਰਵਾਨ ਕੀਤੇ ਵਿਦਿਆਰਥੀਆਂ ਦੇ ਮੁਕੰਮਲ ਦਸਤਾਵੇਜ਼ ਆਪਣੇ ਕੋਲ ਰੱਖਣੇ ਅਤਿ ਜ਼ਰੂਰੀ ਹਨ।
- ਸੰਸਥਾ ਵਲੋਂ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਇਕ ਵਿਦਿਆਰਥੀ ਕੇਵਲ ਇਕ ਹੀ ਸਕਾਲਰਸ਼ਿਪ ਸਕੀਮ ਵਿਚ ਅਪਲਾਈ ਕਰੇ। ਜੇਕਰ ਸੰਸਥਾ ਵਲੋਂ ਕੋਈ ਵੀ ਡੁਪਲੀਕੇਟ ਜਾਂ ਗਲਤ ਵਿਦਿਆਰਥੀ ਅੱਗੇ ਫਾਰਵਰਡ ਕੀਤਾ ਜਾਂਦਾ ਹੈ ਤਾਂ ਇਸਦੀ ਨਿਰੋਲ ਜ਼ਿੰਮੇਵਾਰੀ ਸੰਸਥਾ ਦੀ ਹੋਵੇਗੀ।

- ਵਿਸਥਾਰਪੂਰਵਕ ਜਾਣਕਾਰੀ ਲਈ ਘੱਟ ਗਿਣਤੀ ਮੰਤਰਾਲੇ ਦੀ ਵੈੱਬਸਾਈਟ ਵੇਖੋ, ਜਿਵੇਂ ਕਿ www.minorityaffairs.gov.in
- ਪੁੱਛਗਿੱਛ/ਪੱਤਰ ਵਿਹਾਰ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਦੀ ਈ-ਮੇਲ pmsminorityaffairspunjab@gmail.com ਮੈਰਿਟ ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਦੀ ਈ-ਮੇਲ minoritymcm@gmail.com ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਈ-ਮੇਲ postmatricminoritypunjab@gmail.com ਹੈ।
- ਹੈਲਪਲਾਈਨ ਨੰਬਰ 1800-11-2001 (ਟੋਲਫ੍ਰੀ), (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9.00 ਤੋਂ ਸ਼ਾਮ 5.30 ਵਜੇ ਤੱਕ ਛੁੱਟੀਆਂ ਨੂੰ ਛੱਡ ਕੇ)

ਡਾਇਰੈਕਟਰ

DPR/2225/11/2021/16162

ਜਗ ਬਾਣੀ ਈ-ਪੇਪਰ
Mon,08 August 2022
Edition: chandigarh main, Page no. 5

Scanned by CamScanner